# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ. 1153 /ਸੀ.ਓ.ਈ.

ਮਿਤੀ 28/2/2019

ਯੂਨੀਵਰਸਿਟੀ ਵੱਲੋਂ ਅਜਿਹੇ ਵਿਦਿਆਰਥੀਆਂ ਜਿਨ੍ਹਾਂ ਨੇ ਆਪਣੇ ਕਿਸੇ ਕੋਰਸ/ਕਲਾਸ ਦੀ ਰੀ-ਅਪੀਅਰ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਦੇ ਮੌਕਿਆਂ/ਸਮਾਂ ਸੀਮਾ ਵਿੱਚ ਪਾਸ ਨਹੀਂ ਕੀਤੀ ਨੂੰ ਆਪਣਾ ਕੋਰਸ/ਕਲਾਸ ਪੂਰੀ ਕਰਨ ਲਈ ਇਕ ਮੌਕਾ ਦਸੰਬਰ, 2018 ਵਿੱਚ ਗੋਲਡਨ ਚਾਂਸ 35,000/-ਰੁਪਏ ਪ੍ਰੀਖਿਆ ਫ਼ੀਸ ਨਾਲ ਦਿੱਤਾ ਗਿਆ ਸੀ। ਹੁਣ ਪ੍ਰੀਖਿਆ ਸ਼ਾਖਾ ਦੇ ਵੱਖ-ਵੱਖ ਸੈਟਾਂ ਤੇ ਕਈ ਵਿਦਿਆਰਥੀ ਅਜਿਹੇ ਆਏ ਹਨ, ਜਿਨ੍ਹਾਂ ਨੂੰ ਕਿਸੇ ਕੋਰਸ/ਕਲਾਸ ਵਿੱਚ ਇੱਕ ਤੋਂ ਵੱਧ ਭਾਗ/ਸਮੈਸਟਰਾਂ ਵਿੱਚ ਰੀ-ਅਪੀਅਰ ਹੈ, ਉਨ੍ਹਾਂ ਵੱਲੋਂ ਅਪ੍ਰੈਲ/ਮਈ, 2019 ਦੀਆਂ ਸਾਲਾਨਾ/ਸਮੈਸਟਰ ਪ੍ਰੀਖਿਆਵਾਂ ਵਿੱਚ ਗੋਲਡਨ ਮੌਕਾ ਦੇਣ ਲਈ ਬੇਨਤੀ ਕੀਤੀ ਗਈ ਹੈ। ਵਿਦਿਆਰਥੀਆਂ ਦੇ ਕਿਸੇ ਇੱਕ ਕਲਾਸ ਵਿੱਚੋਂ ਰੀ-ਅਪੀਅਰ ਆਉਣ ਕਰਕੇ ਵਿਦਿਆਰਥੀਆਂ ਦੇ ਕੋਰਸ/ਕਲਾਸ ਦੀ ਡਿਗਰੀ ਪੂਰੀ ਨਹੀਂ ਹੋਈ ਜਿਸ ਕਾਰਨ ਵਿਦਿਆਰਥੀਆਂ ਦਾ ਭਵਿੱਖ ਧੁੰਦਲਾ ਹੋ ਗਿਆ ਹੈ। ਵਿਦਿਆਰਥੀਆਂ ਨੇ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਅਪ੍ਰੈਲ/ਮਈ, 2019 ਦੀਆ ਸਾਲਾਨਾ/ਸਮੈਸਟਰ ਪ੍ਰੀਖਿਆਵਾਂ ਵਿੱਚ ਰੀ-ਅਪੀਅਰ ਪਾਸ ਕਰਨ ਲਈ ਗੋਲਡਨ ਚਾਂਸ ਦਿੱਤਾ ਜਾਵੇ ਤਾਂ ਜੋ ਉਹ ਆਪਣੀ ਡਿਗਰੀ ਪੂਰੀ ਕਰ ਸਕਣ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਮੌਕਾ ਐਮ.ਫਿਲ./ਪੀ.ਐਚ.ਡੀ. ਦੇ Dissertation/Thesis ਤੇ ਲਾਗੂ ਨਹੀਂ ਹੋਵੇਗਾ ਅਤੇ ਇਸ ਅਧੀਨ ਐਮ.ਫਿਲ./ਪੀ.ਐਚ.ਡੀ. Dissertation/Thesis ਨਹੀਂ ਆਉਂਦੇ। ਇਸ ਪ੍ਰੀਖਿਆ ਲਈ ਫਾਰਮ ਭਰਨ ਦੀ ਆਖਰੀ ਮਿਤੀ 31.03.2019 ਹੋਵੇਗੀ ਉਪਰੰਤ ਨਿਯਮਾਂ ਅਨੁਸਾਰ ਬਣਦੀ ਫ਼ੀਸ ਲਈ ਜਾਵੇਗੀ। ਇਹ ਦਿੱਤਾ ਹੋਇਆ ਵਿਸ਼ੇਸ਼ ਮੌਕਾ ਅਪ੍ਰੈਲ/ਮਈ, 2019 ਦੀਆਂ ਪ੍ਰੀਖਿਆਵਾਂ ਤੇ ਹੀ ਲਾਗੂ ਹੋਵੇਗਾ।

ਉਪਰੋਕਤ ਸਿਫ਼ਾਰਸ਼ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਹਿੱਤ ਪੇਸ਼ ਹੈ।

**ਕੰਟਰੋਲਰ (ਪ੍ਰੀਖਿਆਵਾਂ)**

**ਵਾਈਸ-ਚਾਂਸਲਰ ਸਾਹਿਬ**

ਡਿ.
28/2/19

ਪ੍ਰਵਾਨਗੀ ਹਿੱਤ ਪੇਸ਼ ਹੈ ... DAA, Registrar ਤੇ F.O. ਨੂੰ ਵੀ ਭੇਜ ਦਿੱਤੀ ਜਾਵੇ।

28/2/19

ਦਫ਼ਤਰ ਵਾਈਸ ਚਾਂਸਲਰ
ਡਾਇਰੀ ਨੰ. 1027
ਮਿਤੀ 28-2-

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ. 1154 /ਸੀ.ਓ.ਈ.

ਮਿਤੀ 28/02/2019

ਯੂਨੀਵਰਸਿਟੀ ਨਿਯਮਾਂ ਅਨੁਸਾਰ ਵਿਦਿਆਰਥੀਆਂ ਵੱਲੋਂ ਗ੍ਰੈਜੂਏਸ਼ਨ ਲੈਵਲ ਤੱਕ ਦੇ ਕੋਰਸ ਦੌਰਾਨ E.V.S. ਦਾ ਪਰਚਾ ਪਾਸ ਕਰਨਾ ਜ਼ਰੂਰੀ ਹੁੰਦਾ ਹੈ। ਕਿਉਂਕਿ ਇਹ ਪੇਪਰ Qualifying paper ਹੈ ਪ੍ਰੰਤੂ ਕੁਝ ਵਿਦਿਆਰਥੀਆਂ ਵੱਲੋਂ ਇਹ ਵਿਸ਼ਾ ਗ੍ਰੇਜੂਏਸ਼ਨ ਪ੍ਰੀਖਿਆ ਦੌਰਾਨ ਪਾਸ ਨਹੀਂ ਕੀਤਾ ਗਿਆ। ਜਿਸ ਕਾਰਨ ਇਨ੍ਹਾਂ ਵਿਦਿਆਰਥੀਆਂ ਦੀਆਂ ਡਿਗਰੀਆਂ ਰੋਕ ਲਈਆਂ ਗਈਆਂ ਹਨ। ਅਪ੍ਰੈਲ/ਮਈ, 2019 ਨੂੰ ਹੋਣ ਵਾਲੀ ਸਾਲਾਨਾ/ਸਮੈਸਟਰ ਪ੍ਰੀਖਿਆ ਦੇ ਨਾਲ ਇਹ ਪ੍ਰੀਖਿਆ ਕਰਵਾਉਣ ਲਈ ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਇੱਕ ਹੋਰ ਮੌਕਾ ਦਿੱਤਾ ਜਾਣਾ ਹੈ ਜਿਸ ਦੀ ਪ੍ਰੀਖਿਆ ਫੀਸ 1000/-ਰੁਪਏ ਹੋਵੇਗੀ। ਪ੍ਰੀਖਿਆ ਫਾਰਮ ਭਰਨ ਦੀ ਆਖ਼ਰੀ ਮਿਤੀ 31.03.2019 ਨੂੰ ਹੋਵੇਗੀ। ਉਪਰੰਤ ਬਣਦੀ ਲੇਟ ਫ਼ੀਸ ਚਾਰਜ਼ ਕੀਤੀ ਜਾਵੇਗੀ।

1. ਪ੍ਰੀਖਿਆ ਚਲੰਤ ਸਿਲੇਬਸ ਅਨੁਸਾਰ ਹੀ ਹੋਵੇਗੀ।
2. ਇੰਨਟਰਨਲ ਅਸੈਸਮੈਂਟ ਪੁਰਾਣੀ ਹੀ ਮੰਨੀ ਜਾਵੇਗੀ।
3. ਇਸ ਦਾ ਇਸ਼ਤਿਹਾਰ ਅਖਬਾਰਾਂ ਵਿੱਚ ਦਿੱਤਾ ਜਾਵੇਗਾ।

ਉਪਰੋਕਤ ਸਿਫ਼ਾਰਸ਼ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਹਿੱਤ ਪੇਸ਼ ਹੈ।

ਕੰਟਰੋਲਰ (ਪ੍ਰੀਖਿਆਵਾਂ)

ਵਾਈਸ-ਚਾਂਸਲਰ ਸਾਹਿਬ

28/2/19

ਪ੍ਰਵਾਨਗੀ ਹਿਤ ਪ੍ਰਿੰਸ ਦੀ ਕਾਪੀ DAA, ਅਕਾਊਂਟਸ ਤੇ F.O. ਨੂੰ ਭੇਜ ਦਿੱਤੀ ਜਾਵੇ।

28/2/19

ਦਫ਼ਤਰ ਵਾਈਸ ਚਾਂਸਲਰ ... ਡਾਇਰੀ ਨੰ 1028 ਮਿਤੀ 28.2... ਪੰਜਾਬੀ ਯੂਨੀਵਰਸਿਟੀ ...